National Research Journal of Social Sciences
Volume-11, Issue-1, January-June 2026
PP: 79-85
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਬ੍ਰਹਮ ਅਤੇ ਜਗਤ ਦਾ ਸੰਕਲਪ

**ਗੁਰਵਿੰਦਰ ਕੌਰ**

ਸਹਾਇਕ ਪ੍ਰੋਫੈਸਰ
ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ

**ਸੰਖੇਪ ਸਾਰ**

ਮਹਾਨ ਬਾਣੀਕਾਰ, ਵੈਰਾਗ ਮੂਰਤ, ਧਰਮ ਅਤੇ ਮਨੁੱਖਤਾ ਦੇ ਰੱਖਿਆਕਾਰ ਅਤੇ ਹਿੰਦ ਦੇ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 59 ਪਦੇ ਅਤੇ 57 ਸਲੋਕ ਦਰਜ ਹਨ। ਆਪ ਦੀ ਸਮੁੱਚੀ ਬਾਣੀ ਸੰਸਾਰਿਕ ਬੰਧਨਾਂ ਵਿੱਚ ਜਕੜੇ ਅਤੇ ਪਰਮਾਤਮਾ ਨੂੰ ਵਿਸਾਰ ਚੁੱਕੇ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ, ਥੁੜਚਿਰਤਾ ਬਾਰੇ ਜਾਗਰੂਕ ਕਰਕੇ ਸੰਸਾਰਿਕ ਪਦਾਰਥਾਂ ਦੀ ਮੋਹ ਮਾਇਆ ਤੋਂ ਨਿਜਾਤ ਦਿਵਾਉਂਦੀ ਹੋਈ ਪਰਮ ਸੱਚ ਨਾਲ ਜੋੜਦੀ ਹੈ। ਆਪ ਵੱਲੋਂ ਰਚੀ ਬਾਣੀ ਦੀ ਬੋਲੀ ਸਰਲ ਹੈ ਅਤੇ ਸ਼ੈਲੀ ਸਿੱਖ ਦੀ ਜੁਬਾਨ 'ਤੇ ਰਮੀ ਹੋਈ ਹੈ। ਆਪ ਦੀ ਬਾਣੀ ਸਰਲ ਹੋਣ ਕਰਕੇ ਹੀ ਇਹ ਮਨੁੱਖ ਨੂੰ ਜੀਵਨ ਦੀ ਅਟੱਲ ਸੱਚਾਈ ਨਾਲ ਸਾਹਮਣਾ ਕਰਵਾਕੇ ਜੀਵਨ ਮਾਰਗ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ। ਆਪ ਦੀ ਦਾਰਸ਼ਨਿਕ ਵਿਚਾਰਧਾਰਾ ਵਿੱਚ ਬ੍ਰਹਮ, ਜਗਤ, ਜੀਵਾਤਮਾ, ਮਾਇਆ ਅਤੇ ਮੁਕਤੀ ਆਦਿ ਸੰਕਲਪਾਂ ਨੂੰ ਭਾਵ ਮਾਨਵੀ, ਸਮਾਜਿਕ ਸਰੋਕਾਰ ਅਤੇ ਅਧਿਆਤਮਿਕ ਪ੍ਰਾਪਤੀ ਦਰਸਾਉਂਦੀ ਹੋਈ ਗੁਰਮਤੀ ਵਿਚਾਰਧਾਰਾ ਦੀ ਪ੍ਰੋੜਤਾ ਕਰਦੀ ਹੈ। ਦਾਰਸ਼ਨਿਕ ਸੋਚ ਮਨੁੱਖ ਨੂੰ ਅਜਿਹੇ ਜੀਵਨ ਜੀਉਣ ਲਈ ਪ੍ਰੇਰਿਤ ਕਰਦੀ ਹੈ ਜਿਸ ਵਿੱਚ ਧਰਮ, ਸੇਵਾ ਅਤੇ ਆਤਮਿਕ ਪ੍ਰਕਾਸ਼ ਇੱਕ-ਦੂਜੇ ਨਾਲ ਜੋੜੇ ਹੋਏ ਹਨ। ਇਸ ਪੇਪਰ ਵਿੱਚ ਗੁਰੂ ਜੀ ਦੀ ਵਿਚਾਰਧਾਰਾ ਦੇ ਤਿੰਨ ਮੁੱਖ ਪੱਖਾਂ- ਮਾਨਵੀ, ਸਮਾਜਿਕ ਅਤੇ ਅਧਿਆਤਮਿਕ ਪ੍ਰਾਪਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜੋ ਅੱਜ ਦੇ ਵਿਸ਼ਵਕਾਲੀਨ ਸੰਦਰਭ ਵਿੱਚ ਵੀ ਅਤੀ ਪ੍ਰਸੰਗਿਕ ਹੈ।ਇਸ ਪੇਪਰ ਵਿੱਚ ਸਿਰਫ਼ ਬ੍ਰਹਮ ਤੇ ਜਗਤ ਆਦਿ ਸੰਕਲਪਾਂ ਨੂੰ ਪੇਸ਼ ਕੀਤਾ ਗਿਆ ਹੈ।

**ਮੁੱਖ ਸ਼ਬਦ:** ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਗ੍ਰੰਥ ਸਾਹਿਬ, ਬ੍ਰਹਮ, ਜਗਤ, ਜੀਵ, ਪ੍ਰਭੂ, ਮਾਇਆ, ਰਿਸ਼ਤੇ

ਭਾਰਤੀ ਦਰਸ਼ਨ ਦੀ ਦੀਰਘਕਾਲੀ ਪਰੰਪਰਾ ਵਿੱਚ ਗੁਰਬਾਣੀ ਦਾ ਪ੍ਰਵੇਸ਼ ਅਧਿਆਤਮਕ ਖੇਤਰ ਵਿੱਚ ਇੱਕ ਵਿਸ਼ੇਸ਼ ਤੇ ਵਿਲੱਖਣ ਪ੍ਰਾਪਤੀ ਹੈ। ਗੁਰਬਾਣੀ ਨੇ ਕਈ ਸੰਕਲਪਾਂ ਨੂੰ ਜਨਮ ਦੇਣ ਨਾਲ ਜੀਵਨ ਜੁਗਤ ਦੇ ਮੁੱਢਲੇ ਨਿਯਮਾਂ ਨੂੰ ਪ੍ਰਭਾਵਿਤ ਕੀਤਾ ਹੈ। ਗੁਰਬਾਣੀ ਮਨੁੱਖੀ ਸਮਾਜੀ ਸੱਚ ਦੀ ਤਰਜ਼ਮਾਨੀ ਕਰਦੀ ਹੈ। ਇਸ ਲਈ ਇਹ ਅਧਿਆਤਮਕ ਰਚਨਾ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਵਿਸ਼ਵ ਵਿਆਪੀ ਮਾਨਵਤਾ ਲਈ ਅਜਿਹਾ ਸੰਦੇਸ਼ ਦਿੰਦੀ ਹੈ। ਜਿਸ ਦੇ ਸਿੱਟੇ ਵਜੋਂ ਗੁਰਬਾਣੀ ਨੂੰ ਦਾਰਸ਼ਨਿਕ ਖੇਤਰ ਵਿੱਚ ਇਨਕਲਾਬੀ ਧਾਰਮਿਕ ਖੇਤਰ ਵਿੱਚ ਮੌਲਿਕ ਤੇ ਵਿਲੱਖਣ, ਸਾਹਿਤਕ ਖੇਤਰ ਵਿੱਚ ਕਲਾਸੀਕਲ, ਸਮਾਜਿਕ ਖੇਤਰ ਵਿੱਚ ਸੁਧਾਰਾਤਮਿਕ ਅਤੇ ਰਾਜਨੀਤਕ ਖੇਤਰ ਵਿੱਚ ਯੁੱਗ ਪਲਟਾਊ ਰਚਨਾ ਦਾ ਦਰਜਾ ਦਿੱਤਾ ਗਿਆ ਹੈ।

ਗੁਰਬਾਣੀ ਦੇ ਸਿਰਜਣਹਾਰਿਆਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇਣ ਨਿਵੇਕਲੀ ਹੈ। ਗੁਰਬਾਣੀ ਦੀ ਜਿਹੜੀ ਬੁਨਿਆਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਉਸ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨ ਸਮੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅੱਗੇ ਵਧਾਉਂਦਿਆਂ ਇਸ ਵਿੱਚ ਅਨੇਕ ਦਾਰਸ਼ਨਿਕ ਵਾਧੇ ਕੀਤੇ ਅਤੇ ਮਾਨਵਤਾ ਦੇ ਬੁਨਿਆਦੀ ਪਹਿਲੂਆਂ ਨੂੰ ਨਵਾਂ ਰੰਗ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਨੂੰ ਉਸਦੇ ਅਸਤਿਤਵ ਤੋਂ ਜਾਣੂ ਕਰਾਇਆ ਅਤੇ ਨਾਲ ਹੀ ਉਸ ਹੋਂਦ ਦੇ ਅਰਥਾਂ ਬਾਰੇ ਵੀ ਸਮਝਾਇਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਬ੍ਰਹਮ ਅਤੇ ਜਗਤ ਸੰਕਲਪ ਮੁੱਖ ਸੁਰ ਬਣਕੇ ਉਭਰਦੇ ਹਨ। ਬ੍ਰਹਮ ਦਾ ਭਾਵ ਜਿਸ ਤੋਂ ਜਗਤ ਦੀ ਉਤਪਤੀ, ਪਾਲਣ ਅਤੇ ਅੰਤ ਹੁੰਦਾ ਹੈ। ਭਾਰਤੀ ਦਰਸ਼ਨ ਵਿੱਚ ਅੰਤਿਮ ਸੱਤ ਨੂੰ ਬ੍ਰਹਮ ਕਿਹਾ ਗਿਆ ਹੈ। ਸਾਰਾ ਜਗਤ ਬ੍ਰਹਮ ਦੇ ਇਸ਼ਾਰੇ 'ਤੇ ਹੀ ਚਲਦਾ ਹੈ। ਬ੍ਰਹਮ ਹੀ ਸਾਰੇ ਜਗਤ ਦਾ ਅਧਾਰ ਸ੍ਰੋਤ ਹੈ। ਬ੍ਰਹਮ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਬ੍ਰਹਮ ਸ਼ਬਦ ਦੀ ਵਰਤੋਂ ਬਾਰੇ ਪ੍ਰਾਚੀਨ ਕਾਲ ਤੋਂ ਹੀ ਕੀਤੀ ਜਾਂਦੀ ਹੈ। ਚਾਰੇ ਵੇਦਾਂ ਵਿੱਚ ਇਸ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ ਤੇ ਇਸ ਨਿਰਗੁਣ ਤੇ ਸਰਗੁਣ ਦੋਵੇਂ ਹੀ ਰੂਪ ਪ੍ਰਗਟਾਏ ਗਏ ਹਨ। ਗੁਰਬਾਣੀ ਵਿੱਚ ਬ੍ਰਹਮ ਦੇ ਸਰੂਪ ਦਾ ਵਰਣਨ ਕਰਦਿਆਂ ਹੋਇਆ ਇਸ ਨੂੰ ਇੱਕ ਤੇ ਕੇਵਲ ਇੱਕ ਕਿਹਾ ਗਿਆ ਹੈ। ਉਹ ਅਮਰ ਹੈ, ਅਜੂਨੀ ਹੈ, ਜਨਮਹੀਨ ਹੈ, ਅਗੰਮ ਅਗੋਚਰ ਅਤੇ ਰੂਪ ਰਹਿਤ ਹੈ, ਉਹ ਅਦੁੱਤੀ ਹੈ ਤੇ ਉਸ ਜਿਹਾ ਹੋਰ ਕੋਈ ਨਹੀਂ ਹੈ। ਹਰ ਪਾਸੇ ਉਸ ਦਾ ਹੀ ਪਸਾਰਾ ਹੈ। "ਗੁਰਮਤਿ ਵਿੱਚ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਅਤੇ ਨਿਰਗੁਣਸਗੁਣ ਦਾ ਮਿਸ਼ਰਤ ਰੂਪ ਦਾ ਵੀ ਵਰਣਨ ਕੀਤਾ ਗਿਆ ਹੈ ਪਰ ਗੁਰਮਤਿ ਦਾ ਬ੍ਰਹਮ ਨਿਰਾਕਾਰ ਹੈ ਭਾਵ ਉਹ ਅਵਤਾਰੀ ਰੂਪ ਵਿੱਚ ਨਹੀਂ ਹੈ।"1

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਦਰਸ਼ਨ ਦੇ ਬ੍ਰਹਮ, ਬ੍ਰਹਿਮੰਡ ਅਤੇ ਜੀਵ ਹਨ ਪਰੰਤੂ ਇਹਨਾਂ ਤਿੰਨਾਂ ਵਿੱਚੋਂ ਜ਼ਿਆਦਾ ਬਲ ਬ੍ਰਹਿਮੰਡ ਸਿਰਜਣ ਦੇ ਬੁਨਿਆਦ ਤੋਂ ਉਪਰ ਨਜ਼ਰ ਆਉਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਬ੍ਰਹਮ ਨਾਲ ਸੰਬੰਧਤ ਰਹੱਸਮਯਤਾ ਦਾ ਅਹਿਸਾਸ ਇਸ ਸੰਸਾਰ ਨੂੰ ਵਿਚਰਣ ਵਾਲੇ ਜੀਵ ਨੂੰ ਹੀ ਹੋ ਸਕਦਾ ਹੈ। ਬ੍ਰਹਮ ਅਤੇ ਜੀਵ ਵਿਚਕਾਰ ਅਧਿਆਤਮਕ ਸੰਬੰਧਾਂ ਨੂੰ ਪੈਦਾ ਨੂੰ ਕਰਨ ਮਾਧਿਅਮ ਸਿਰ ਬ੍ਰਹਿਮੰਡ ਹੀ ਹੈ ਅਤੇ ਜੀਵ ਬ੍ਰਹਮ ਦੁਆਰਾ ਹੀ ਜਗਤ ਵਿੱਚ ਭੇਜਿਆ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਬ੍ਰਹਮ ਦੀ ਬ੍ਰਹਮਤਾ ਨੂੰ ਸਵੀਕਾਰ ਕਰਦਿਆਂ ਜੀਵ ਅਤੇ ਬ੍ਰਹਮ ਦੀ ਹਸਤੀ ਤੇ ਗਤੀਵਿਧੀ ਦਾ ਮਾਰਮਿਕ ਅਨੁਭਵ ਨੂੰ ਪੇਸ਼ ਕਰਦੇ ਹਨ। ਆਪ ਜੀ ਦੀ ਅਧਿਆਤਮਕਤਾ, ਜਗਤ ਦੀ ਅਸਥਿਰਤਾ, ਥੋੜਚਿਰਾ ਅਤੇ ਨਾਸ਼ਮਾਨਤਾ ਨਾਲ ਸੰਬੰਧਤ ਹੈ। ਆਪ ਜੀ ਦੀ ਬਾਣੀ ਦਾ ਕੇਂਦਰ ਬਿੰਦੂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਬ੍ਰਹਿਮੰਡ ਲੀਲਾ ਹੈ ਜਿਸ ਦਾ ਸੰਚਾਲਕ ਬ੍ਰਹਮ ਖੁਦ ਹੈ। ਬ੍ਰਹਮ ਹੀ ਜਗਤ ਦੀ ਉਤਪਤੀ ਕਰਦਾ ਹੈ ਅਤੇ ਅੰਤ ਵੀ ਉਹੀ ਕਰਦਾ ਹੈ। ਇਸ ਤਰ੍ਹਾਂ ਜਗਤ ਬ੍ਰਹਮ ਦਾ ਹੀ ਅਹਿਸਾਸ ਹੈ:

ਸਾਧੋ ਰਚਨਾ ਰਾਮ ਬਨਾਈ॥

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੧੯)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਭ ਤੋਂ ਜ਼ਿਆਦਾ ਬਲ ਬ੍ਰਹਮ ਦੇ ਨਾਮ ਜਪਣ ਉਪਰ ਦਿੱਤਾ ਗਿਆ ਹੈ ਤੇ ਇਸ ਦਾ ਮਾਧਿਅਮ ਜਗਤ ਨੂੰ ਦੱਸਿਆ ਗਿਆ ਹੈ। ਆਪ ਜੀ ਨੇ ਮਨੁੱਖ ਨੰ ਜਗਤ ਦੀ ਰਚਨਾ ਅਤੇ ਕਰਤਾ ਦੇ ਗੁਣਾਂ ਬਾਰੇ ਜਾਣੂ ਕਰਾਇਆ ਅਤੇ ਬ੍ਰਹਮ ਦੀ ਮਹਿਮਾ ਕਰਨ ਨਹੀ ਪ੍ਰੇਰਿਆ ਹੈ ਤੇ ਇਸ ਦੇ ਨਾਲ ਹੀ ਬ੍ਰਹਮ ਦੀ ਹੋਂਦ ਨੂੰ ਦ੍ਰਿੜਾਇਆ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਬ੍ਰਹਮ ਨਾਲ ਸੰਬੰਧਤ ਨਿੱਜੀ ਅਨੁਭੂਤੀ ਨੂੰ ਰਹੱਸਮਈ ਰੰਗਣ ਵਿੱਚ ਪੇਸ਼ ਕੀਤਾ ਹੈ। ਆਪ ਜੀ ਅਮੂਰਤ ਸੰਕਲਪਨਾਵਾਂ ਨੂੰ ਆਪਣੇ ਅਦੁੱਤੀ, ਵਿਲੱਖਣ, ਨਿੱਜੀ ਤੇ ਗਹਿਰ ਗੰਭੀਰ ਅਨੁਭਵੀ ਪ੍ਰਕਿਰਿਆ ਰਸਤੇ ਭੌਤਿਕ ਜਗਤ ਦੀ ਪ੍ਰੋਖ ਅਤੇ ਅਪ੍ਰੋਖ ਕਿਰਿਆ ਨਾਲ ਜੋੜਿਆ ਹੈ। ਅਸਲ ਵਿੱਚ ਦ੍ਰਿਸ਼ਟਮਾਨ ਜਗਤ ਦੀ ਹਰ ਛੋਟੀ ਵਸਤੂ ਵਿਆਪਕ ਬ੍ਰਹਿਮੰਡ ਦੀ ਗਤੀ ਨੂੰ ਪ੍ਰਤੀਬਿੰਬਤ ਕਰਦੀ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

(ਮ: ੯, ਸਲੋਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੭)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬ੍ਰਹਮ ਨਿਰਗੁਣ ਹੈ, ਨਿਰਾਕਾਰ ਹੈ। ਉਹ ਰੂਪ, ਰੇਖਾ ਤੇ ਰੰਗ ਤੋਂ ਬਿਨਾਂ ਹੈ। ਸਰਬਵਿਆਪਕ ਹੈ ਤੇ ਸਰਬਵਿਆਪੀ ਹੈ। ਹਰ ਜੀਵ ਵਿੱਚ ਉਹ ਸਮਾਇਆ ਹੋਇਆ ਹੈ। ਕਿਸੇ ਵੀ ਅਛੂਹ ਤੋਂ ਰਹਿਤ ਹੈ ਅਤੇ ਸਾਰੇ ਪ੍ਰਭਾਵਾਂ ਤੋਂ ਨਿਰਲੇਪ ਹੈ।

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥

(ਮ: ੯, ਰਾਗ ਧਨਾਸਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੮੪)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਉਹ ਸਰਬ ਸ਼ਕਤੀਮਾਨ ਹੈ ਅਤੇ ਉਹ ਕਿਸੇ ਨੂੰ ਰਾਜੇ ਤੋਂ ਰੰਕ ਤੇ ਰੰਕ ਤੋਂ ਰਾਜਾ ਬਣਾ ਸਕਦਾ ਹੈ। ਉਹ ਕਣ ਕਣ ਵਿੱਚ ਸਮਾਇਆ ਹੋਇਆ ਹੈ ਤੇ ਘਟ ਘਟ ਵਿੱਚ ਰਮਿਆ ਹੋਇਆ ਹੈ ਪਰੰਤੂ ਫਿਰ ਵੀ ਸਭ ਦੀ ਪਹੁੰਚ ਤੋਂ ਬਾਹਰ ਹੈ। ਬ੍ਰਹਮ ਆਪਣੇ ਆਪ ਵਿੱਚ ਨਿਰਗੁਣ ਹੈ ਤੇ ਉਹ ਸਭ ਤਰ੍ਹਾਂ ਦੇ ਵਰਣਨਾਂ ਤੋਂ ਪਰ੍ਹੇ ਹੈ। ਸਾਡੀਆਂ ਗਿਆਨ ਇੰਦਰੀਆਂ , ਮਨ ਅਤੇ ਬੁੱਧੀ ਉਥੋਂ ਤੱਕ ਨਹੀਂ ਪਹੁੰਚ ਸਕਦੀਆਂ।

ਹਰਿ ਕੀ ਗਤਿ ਨਹਿ ਕੋਊ ਜਾਨੈ ॥

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥

(ਮ: ੯, ਰਾਗ ਬਿਹਾਗੜਾ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੫੩੭)

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥

(ਮ: ੯, ਰਾਗ ਬਿਹਾਗੜਾ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੫੩੭)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਬ੍ਰਹਮ ਹੀ ਇਸ ਵਿਸ਼ਾਲ ਬ੍ਰਹਿਮੰਡ ਵਿੱਚ ਪੁਰਸ਼ਾਂ ਤੇ ਪ੍ਰਕਿਰਤੀ ਦਾ ਕਾਰਣ ਹੈ। ਇਹ ਜਗਤ ਉਸੇ ਤੋਂ ਜਨਮ ਲੈ ਕੇ ਉਸ ਵਿੱਚ ਹੀ ਲੀਨ ਹੋ ਜਾਂਦਾ ਹੈ। ਮਨੁੱਖ ਬ੍ਰਹਮ ਨੂੰ ਬਾਹਰ ਲੱਭਦਾ ਰਹਿੰਦਾ ਹੈ ਜਦੋਂ ਕਿ ਬ੍ਰਹਮ ਦਾ ਵਾਸ ਮਨੁੱਖੀ ਮਨ ਦੇ ਅੰਦਰ ਹੀ ਹੈ। ਜੀਵ ਦੀ ਅੰਤਰ ਆਤਮਾ ਹੀ ਬ੍ਰਹਮ ਦਾ ਨਿਵਾਸ ਸਥਾਨ ਹੈ। ਉਹ ਘਟ ਘਟ ਵਿੱਚ ਸਮਾਇਆ ਹੋਇਆ ਹੈ।

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੨੦)

ਜੀਵ ਦੀ ਬ੍ਰਹਮ ਵਿੱਚ ਲੀਨਤਾ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਆਤਮ ਗਿਆਨ ਨਾਲ ਹੀ ਬ੍ਰਹਮ ਗਿਆਨ ਹੋ ਸਕਦਾ ਹੈ। ਆਤਮਾ ਨੂੰ ਜੀਵ ਦੇ ਅੰਦਰਲੇ ਨਾਲ ਤੇ ਬ੍ਰਹਮ ਨੂੰ ਬਾਹਰਲੇ ਜਗਤ ਨਾਲ ਸੰਬੰਧਤ ਕੀਤਾ ਜਾਂਦਾ ਹੈ। ਪਰਮਪਦ ਦੀ ਪ੍ਰਾਪਤੀ ਨਾਲ ਅੰਦਰ ਬਾਹਰ ਦਾ ਭੇਦ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਆਪ ਜੀ ਨੇ ਇਸ ਭੇਦ ਦੇ ਮਿਟਣ ਦਾ ਜ਼ਿਕਰ ਕੀਤਾ ਹੈ।


© Copyright @ Authors

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

(ਮ: ੯, ਰਾਗ ਧਨਾਸਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੮੪)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬ੍ਰਹਮ ਸੰਵੇਦਨਸ਼ੀਲ ਹੈ ਤੇ ਉਹ ਜੀਵ ਦੇ ਸਾਰੇ ਦੁਖਾਂ ਸੁੱਖਾਂ ਦਾ ਭਾਈਵਾਲ ਹੈ। ਉਹ ਜੀਵ ਦੇ ਸਦਾ ਅੰਗ ਸੰਗ ਰਹਿੰਦਾ ਹੈ ਤੇ ਸਦਾ ਸਹਾਈ ਹੀ ਰਹਿੰਦਾ ਹੈ। ਆਪਣੇ ਆਖਰੀ ਸਮੇਂ ਵਿੱਚ ਜਦੋਂ ਮਨੁੱਖ ਇਕੱਲਾ ਹੋ ਜਾਂਦਾ ਹੈ ਤਾਂ ਉਸ ਦਾ ਸਾਥ ਕੇਵਲ ਬ੍ਰਹਮ ਹੀ ਦਿੰਦਾ ਹੈ।

ਸੁਖ ਮੈ ਬਹੁ ਸੰਗੀ ਭਏ ਦੁਖ ਮਹਿ ਸੰਗਿ ਨਾ ਕੋਇ॥

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੮)

ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਸਾਰਾ ਜਗਤ ਹੀ ਭਿਖਾਰੀ ਹੈ ਕਿਉਂਕਿ ਸਾਰਾ ਜਗਤ ਹੀ ਭਟਕ ਰਿਹਾ ਹੈ ਭੀਖ ਮੰਗ ਰਿਹਾ ਹੈ। ਸਾਰਿਆਂ ਦਾ ਦਾਤਾ ਕੇਵਲ ਇੱਕ ਬ੍ਰਹਮ ਹੀ ਹੈ।ਜੀਵਨ ਨੂੰ ਤਨ, ਧਨ, ਸੰਪਤੀ ਤੇ ਸੁੱਖ ਦੁਖ ਦੇਣ ਵਾਲਾ ਕੇਵਲ ਬ੍ਰਹਮ ਹੈ।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੮)

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੬)

ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਫਰਮਾਉਂਦੇ ਨੇ ਕਿ ਬ੍ਰਹਮ ਬਹੁਤ ਹੀ ਦਿਆਲੂ ਹੈ ਤੇ ਉਹ ਮਨੁੱਖ ਦੇ ਸਾਰੇ ਡਰ ਭੈ ਅਤੇ ਦੁਖਾਂ ਦਾ ਨਾਸ ਕਰਨ ਵਾਲਾ ਹੈ। ਆਪ ਜੀ ਨੇ ਮਨੁੱਖ ਨੂੰ ਪ੍ਰਭੂ ਦੀ ਸ਼ਰਨ ਵਿੱਚ ਜਾਣ ਲਈ ਕਿਹਾ ਹੈ। ਬ੍ਰਹਮ ਦੇ ਦਿਆਲ ਹੋ ਜਾਣ ਤੋਂ ਬਾਅਦ ਮਨ ਨੂੰ ਵਸ ਵਿੱਚ ਕਰਨ ਦੀਆਂ ਸਾਰੀਆਂ ਜੁਗਤਾਂ ਆ ਜਾਂਦੀਆਂ ਹਨ। ਬ੍ਰਹਮ ਹੀ ਮਨੁੱਖ ਦੇ ਸਾਰੇ ਤੌਖਲੇ ਤੇ ਡਰ ਭੈ ਤੋਂ ਨਵਿਰਤ ਕਰਨ ਵਾਲਾ ਹੈ।

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥

(ਮ: ੯, ਰਾਗ ਧਨਾਸਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੮੫)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਦੀ ਕ੍ਰਿਪਾਲਤਾ ਦੀ ਅਨੰਤਤਾ ਅਤੇ ਮਹੱਤਤਾ ਨੂੰ ਪ੍ਰਗਾਇਆ ਹੈ। ਬ੍ਰਹਮ ਹੀ ਕਿਪਾ ਦਾ ਖ਼ਜ਼ਾਨਾ ਹੈ।

ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥

(ਮ: ੯, ਰਾਗ ਬਸੰਤੁ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੧੮੬)

ਕਲ ਮੈ ਏਕੁ ਨਾਮ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ

(ਮ: ੯, ਰਾਗ ਸੋਰਠਿ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੩੨)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਕੀ ਗੁਰੂ ਸਾਹਿਬਾਨਾਂ ਵਾਂਗ ਬ੍ਰਹਮ ਦੇ ਦੈਵੀ ਫਰਜ਼ ਪੂਰਤੀ ਦੇ ਗੁਣ ਕਾਰਣ ਨਿਰੰਕਾਰ ਦਾ ਬਿਰਦ ਪਾਲਕ ਗੁਣ ਮੰਨਿਆ ਹੈ ਭਾਵ ਬ੍ਰਹਮ ਦੇ ਅਨੇਕਾਂ ਗੁਣਾਂ ਕਾਰਨ ਉਹ ਬਿਰਦ ਹੈ। ਬ੍ਰਹਮ ਬਿਰਦਪਾਲ ਹੈ, ਸ਼ਰਣਪਾਲ ਹੈ ਅਤੇ ਕਰਤੱਵ ਦਾ ਪਾਲਣ ਕਰਨ ਵਾਲਾ ਹੈ। ਉਹ ਸੱਚੇ ਮਨ ਨਾਲ ਅਰਾਧਨਾ ਕਰਨ ਵਾਲੇ ਦੀ ਸਹਾਇਤਾ ਕਰਦਾ ਹੈ।

ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥

(ਮ: ੯, ਰਾਗ ਰਾਮਕਲੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੯੦੨)

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿ ਕੋਇ॥

(ਮ: ੯, ਸਲੋਕ ਵਾਰਾਂ ਤੇ ਵਧੀਕ ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੬)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਦੇ ਸਤ ਸਰੂਪ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਦੇ ਨਾਲ ਆਪ ਜੀ ਨੇ ਬ੍ਰਹਮ ਨੂੰ ਚਿਤ ਰੂਪ ਕਿਹਾ ਹੈ। ਤ੍ਰੈਕਾਲ ਦਾ ਗਿਆਤਾ ਹੋਣ ਕਾਰਨ ਉਹ ਗਿਆਨ ਦਾ ਸਰੂਪ ਹੈ। ਬ੍ਰਹਮ ਦੇ ਕਾਰਣ ਹੀ ਜਗਤ ਚੱਲ ਰਿਹਾ ਹੈ। ਆਪ ਜੀ ਅਨੁਸਾਰ ਬ੍ਰਹਮ ਕਲਿਆਣਕਾਰੀ ਹੈ। ਉਹ ਪਤਿਤ ਪਾਵਨ ਹੈ, ਸਰਬ ਦਿਆਲੂ ਹੈ, ਦੁਖ ਭੰਜਨ ਹੈ, ਭੈ ਭੰਜਨ ਹੈ, ਭੈ ਹਰਤਾ ਹੈ। ਉਹ ਜੀਵਾਂ ਦਾ ਸਖਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਹੈ, ਬਿਰਦਪਾਲ ਹੈ, ਕਿਰਪਾਨਿਧਿ ਹੈ ਅਤੇ ਸਰਬਲੋਕ ਦਾ ਰਖਿਅਕ ਹੈ। ਆਪ ਜੀ ਦਾ ਬ੍ਰਹਮ ਆਨੰਦ ਸਰੂਪ ਵੀ ਹੈ। ਉਹ ਹਰੀ ਰਸ ਰੂਪ ਹੈ। ਉਹ ਹਰੀ ਨਾਮ ਵਿੱਚ ਅਭੇਦ ਹੈ। ਉਹ ਦੁੱਖਾਂ ਨੂੰ ਹਰਣ ਵਾਲਾ ਹੈ। ਬ੍ਰਹਮ ਆਨੰਦ ਦਾ ਪ੍ਰਦਾਤਾ ਹੈ।

ਗੁਰਮਤਿ ਅਨੁਸਾਰ ਜਗਤ ਦੀ ਉਤਪਤੀ ਬ੍ਰਹਮ ਕਾਰਣ ਹੁੰਦੀ ਹੈ ਅਤੇ ਉਸ ਦੀ ਇੱਛਾ ਅਨੁਸਾਰ ਚੱਲਦਾ ਹੈ। ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਪਹਿਲਾਂ ਹਰ ਪਾਸੇ ਕੇਵਲ ਬ੍ਰਹਮ ਹੀ ਸੀ। ਗੁਰਮਤਿ ਅਨੁਸਾਰ ਸੱਚੇ ਪ੍ਰਭੂ ਇਹ ਜਗਤ ਆਪ ਪੈਦਾ ਕਰਕੇ ਆਪ ਹੀ ਉਸ ਵਿੱਚ ਵਸ ਗਿਆ। ਗੁਰਮਤਿ ਅਨੁਸਾਰ ਇਸ ਜਗਤ ਵਿੱਚ ਕਿਸੇ ਨੇ ਨਹੀਂ ਰਹਿਣਾ ਇਸ ਲਈ ਜਿਹੜਾ ਉਪਜਿਆ ਹੈ, ਉਸ ਦਾ ਅੰਤ ਹੋਣ ਲਾਜ਼ਮੀ ਹੈ। ਇਸ ਗੁਰੂ ਸਾਹਿਬਾਨ ਇਸ ਜਗਤ ਨੂੰ ਸੁਪਨਾ ਤੇ ਜਲ ਦਾ ਬੁਲਬੁਲਾ ਆਦਿ ਆਖਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਗਤ ਸੰਬੰਧੀ ਥੋੜੇ ਸ਼ਬਦਾਂ ਵਿੱਚ ਬਹੁਤ ਜ਼ਿਆਦਾ ਬਿਆਨ ਕਰ ਜਾਂਦੇ ਹਨ। ਆਪ ਜੀ ਅਨੁਸਾਰ ਜਗਤ ਵਿੱਚ ਜੋ ਕੁਝ ਵੀ ਨਜ਼ਰ ਆਉਂਦਾ ਹੈ, ਉਹ ਬ੍ਰਹਮ ਤੋਂ ਪੈਦਾ ਹੋਇਆ ਹੈ। ਬ੍ਰਹਮ ਹੀ ਇਸ ਜਗਤ ਦਾ ਕਰਤਾ ਤੇ ਕਾਰਣ ਹੈ। ਬ੍ਰਹਮ ਹਰ ਥਾਂ ਹੈ। ਕਣ ਕਣ ਵਿੱਚ ਸਮਾਇਆ ਹੋਇਆ ਹੈ। ਉਸ ਨੇ ਮਾਇਆ ਆਪ ਪਾਸਾਰੀ ਹੈ ਤੇ ਆਪ ਹੀ ਦੇਖਦਾ ਹੈ ਪਰ ਸਭ ਤੋਂ ਨਿਆਰਾ ਰਹਿੰਦਾ ਹੈ।

ਅਪਨੀ ਮਾਇਆ ਆਪ ਪਸਾਰੀ ਆਪਹਿ ਦੇਖਨਹਾਰਾ॥

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

(ਮ: ੯, ਰਾਗ ਬਿਹਾਗੜਾ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੫੩੭)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਜਗਤ ਸੱਤ ਅਤੇ ਅਸੱਤ ਹੈ। "ਸਰਦੂਲ ਸਿੰਘ ਕਵੀਸ਼ਰ ਦਾ ਵਿਚਾਰ ਹੈ ਕਿ, ਸਿੱਖ ਦਰਸ਼ਨ ਜਗਤ ਨੂੰ ਅਸਤਿ ਕੇਵਲ ਉਸ ਹਾਲਤ ਵਿਚ ਕਹਿੰਦਾ ਹੈ ਜਦ ਕੋਈ ਏਸੇ ਨੂੰ ਹੀ ਆਪਣਾ ਮੁੱਖ ਮੰਤਵ ਬਣਾ ਲਏ। ਜਦ ਕੋਈ ਜਗਤ ਨੂੰ ਪਰਮਾਤਮਾ ਤੋਂ ਵੱਖਰਾ ਸਮਝੇ ਤੇ ਪਰਮਾਤਮਾ ਨੂੰ ਭੁਲਾ ਦੇਵੇ। ਸਿੱਖ ਦਰਸ਼ਨ ਜਗਤ ਵਿੱਚ ਪਰਮਾਤਮਾ ਦਾ ਸੁਭਾਵਿਕ ਜ਼ਹੂਰ ਆਤਮਿਕ ਰੁਚੀਆਂ ਦੀ ਵਰਤੋਂ ਦੀ ਥਾਂ ਉੱਨਤ ਹੋਣ ਦਾ ਵਸੀਲਾ ਹੈ। ਜਗਤ ਭਾਵੇ ਚੱਲਣਹਾਰ ਹੈ ਪਰ ਫੇਰ ਵੀ ਖਾਸ ਹੱਦਾਂ ਅੰਦਰ ਇਸ ਦੇ ਖਾਸ ਨਿਯਮ ਅਨੁਸਾਰ ਇਸ ਦੀ ਆਪਣੀ ਸੱਤਾ ਏਨੀ ਯਥਾਰਥ ਹੈ ਜਿਤੀ ਮਨੁੱਖ ਦੀ ਹਉਮੈ ਜਾਂ ਨਿੱਜ ਚੇਤੰਨਤਾ ਜਿਸ ਦੁਆਰਾ ਸੰਸਾਰ ਉਪਜਦਾ ਹੈ।"2 ਇਸ ਤਰ੍ਹਾਂ ਡਾ. ਰਤਨ ਸਿੰਘ ਜੱਗੀ ਨੇ ਵੀ ਕਿਹਾ ਕਿ ਗੁਰੂ ਨਾਨਕ ਨੇ ਜਗਤ ਨੂੰ ਸਤਿ ਅਤੇ ਅਸਤਿ ਦੋਵੇ ਮੰਨਿਆ ਹੈ। ਇਸ ਜਗਤ ਦਾ ਮੂਲ ਤੱਤਵ ਪਰਮਾਤਮਾ ਸੱਚਾ ਹੈ। ਇਸ ਲਈ ਇਹ ਜਗਤ ਸੱਚਾ ਹੈ ਪਰ ਇਹ ਸਭਿਅਤਾ ਪਰਮਾਰਥਿਕ ਸਭਿਅਤਾ ਨਹੀਂ ਵਿਆਪਕ ਸਭਿਅਤਾ ਹੈ। ਉਂਜ ਇਹ ਸੰਸਾਰ ਨਸ਼ਮਾਨ, ਮਿਥਿਆ, ਥੁੜ ਚਿਰਾ ਅਤੇ ਬਾਜ਼ੀਗਰ ਦੀ ਬਾਜ਼ੀ ਵਾਂਗ ਹੈ।"3

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਗਤ ਨੂੰ ਪਰਮਾਰਥਕ ਸੱਤ ਨਹੀਂ ਮੰਨਿਆ। ਆਪ ਜੀ ਨੇ ਕੇਵਲ ਇਸ ਦੀ ਵਿਵਹਾਰਿਕ ਸੱਤਾ ਨੂੰ ਹੀ ਸਵੀਕਾਰ ਕੀਤਾ ਹੈ। ਆਪ ਜੀ ਅਨੁਸਾਰ ਜਗਤ ਨਾਸ਼ਮਾਨ ਹੈ, ਪਰਿਵਰਤਨਸ਼ੀਲ ਹੈ ਪਰਿਣਾਮਸ਼ੀਲ ਅਤੇ ਗੀਤਸ਼ੀਲ ਹੈ। ਜਗਤ ਅਸਥਿਰ ਅਤੇ ਚਲਾਇਮਾਨ ਹੈ। ਆਪ ਜੀ ਜੀਵ ਦਾ ਧਿਆਨ ਉਸਦੇ ਭੌਤਿਕ ਸਰੀਰ ਦੀ ਰਚਨਾ ਵਲ ਕਰਾਇਆ ਹੈ। ਪੰਜ ਤੱਤਾਂ ਨਾਲ ਬਣਿਆ ਇਹ ਸਰੀਰ ਅੰਤ ਵਿੱਚ ਬ੍ਰਹਮ ਵਿੱਚ ਸਮਾ ਜਾਣਾ ਹੈ:

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥

(ਮ: ੯ ਸਲੋਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੬)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਇਹ ਜਗਤ ਜਲ ਦੇ ਬੁਲਬੁਲੇ ਦੇ ਸਮਾਨ ਹੈ। ਇਸ ਤਰ੍ਹਾਂ ਜਲ ਵਿੱਚ ਬੁਲਬੁਲੇ ਉਪਜਦੇ ਹਨ ਤੇ ਫਿਰ ਬਿਨਸਦੇ ਹਨ। ਇਸ ਤਰ੍ਹਾਂ ਇਹ ਪ੍ਰਕਿਰਿਆ ਜਾਰੀ ਰਹਿੰਦੀ ਹੈ। ਉਸੇ ਤਰ੍ਹਾਂ ਇਹ ਜਗਤ ਵਿੱਚ ਜੀਵ ਉਪਜਦਾ ਤੇ ਬਿਨਸਦਾ ਰਹਿੰਦਾ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

(ਮ: ੯, ਸਲੋਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੭)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਇਹ ਜਗਤ ਬਿਨਸਨਹਾਰ ਹੈ ਭਾਵ ਇਹ ਜਗਤ ਅਸਥਿਰ ਹੈ। ਇਸ ਦਾ ਉਪਜਣਾ, ਵਿਗਸਣਾ, ਬਿਨਸਣਾ ਤੇ ਫਿਰ ਪੁਨਰ ਉਗਮਣਾ ਇਸ ਦੀਆਂ ਕੇਂਦਰੀ ਤੰਦਾਂ ਹਨ, ਜਿਨ੍ਹਾਂ ਦੁਆਰਾ ਰਹੱਸਮਯਤਾ ਦੀ ਸਿਰਜਣਾ ਕੀਤੀ ਹੈ। ਇਹ ਜਗਤ ਝੂਠਾ ਹੈ ਤੇ ਸੁਪਨੇ ਵਾਂਗ ਹੈ:

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੧੯)

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੧੯)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਸਾਰਾ ਸੰਸਾਰ ਸੁਪਨੇ ਵਰਗਾ ਹੈ, ਇਸ ਦੇ ਨਾਸ਼ ਹੁੰਦਿਆਂ ਚਿਰ ਨਹੀਂ ਲੱਗਦਾ। ਇਸ ਤਰ੍ਹਾਂ ਜੀਵ ਦਾ ਸੁਪਨਾ ਇੱਕ ਦਿਨ ਟੁੱਟ ਜਾਣਾ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਦੇਹਧਾਰੀ ਜੀਵ ਨੂੰ ਨਾਸ਼ਮਾਨਤਾ ਬਾਰੇ ਚੌਕੰਨਾ ਕੀਤਾ ਹੈ:

ਸਗਲ ਜਗਤ ਹੈ ਜੈਸੇ ਸੁਪਨਾ ਬਿਨਸਤ ਲਗਤ ਨਾ ਬਾਰ॥

(ਮ: ੯, ਰਾਗ ਸੋਰਠਿ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੩੩)

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥

((ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੯)

ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਅਨੇਕਾਂ ਸੰਕੇਤਾਂ ਰਾਹੀਂ ਦੱਸਿਆ ਹੈ ਕਿ ਇਹ ਜਗਤ ਛਿਨਭੰਗਰਾ ਹੈ, ਜੋ ਕੁਝ ਵੀ ਇਥੇ ਉਪਜਦਾ ਹੈ, ਉਹ ਕਾਲਬੱਧ ਤੇ ਸੀਮਾਬੱਧ ਹੈ। ਉਸਦੀ ਇੱਕ ਅਉਧ ਭਾਵ ਮਿਆਦ ਹੈ। ਹਰ ਉਪਜੀ ਚੀਜ਼ ਦੀ ਅਉਦ ਭਾਵ ਮਿਆਦ ਇੱਕ ਦਿਨ ਖਤਮ ਹੋ ਜਾਣੀ ਹੈ:

ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ੧੪੨੭)

ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੬)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਦਿਸਦਾ ਜਗਤ ਅਤੇ ਇਸ ਦੇ ਸਾਰੇ ਪਦਾਰਥ ਬਿਨਸਨਹਾਰ ਹਨ। ਸਭ ਝੂਠ ਹੈ, ਅਸਥਿਰ ਹੈ ਤੇ ਬੱਦਲਾਂ ਦੀ ਛਾਂ ਵਾਂਗ ਹੈ:

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੧੯)

ਇਸ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਗਤ ਨੂੰ ਮਿਥਿਆ ਵੀ ਕਿਹਾ ਹੈ। ਇਸ ਦਾ ਭਾਵ ਜਗਤ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਹੈ। ਆਪ ਜੀ ਅਨੁਸਾਰ ਇਹ ਜਗਤ ਥੋੜਚਿਰਾ ਹੈ ਅਤੇ ਇਸ ਦੀ ਸਥਿਰਤਾ ਵੀ ਥੋੜਚਿਰੀ ਹੈ:

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥

(ਮ: ੯, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੨੧੯)

ਨਾਨਕ ਕਹਤੁ ਜਗਤੁ ਸਭ ਮਿਥਿਆ ਜਿਉਂ ਸੁਪਨਾ ਰੈਨਾਈ

(ਮ: ੯, ਰਾਗ ਸਾਰੰਗ,ਸ੍ਰੀ ਗੁਰੂ ਗ੍ਰੰਥ ਸਾਹਿਬ:ਅੰਗ ੧੨੩੧)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਕਿਹਾ ਹੈ ਕਿ ਇਹ ਜਗਤ ਦਾ ਸੁਖ ਕੇਵਲ ਇੱਕ ਮਿਥਿਆ ਹੈ। ਜੋ ਕੁਝ ਵੀ ਨਜ਼ਰ ਆ ਰਿਹਾ ਹੈ। ਇਹ ਸਭ ਕੁਝ ਝੂਠ ਹੈ। ਜਗਤ ਦਾ ਸੁਖ ਰੇਤ ਦੀ ਉਸਰੀ ਕੰਧ ਵਾਂਗ ਹੈ ਭਾਵ ਜਿਸ ਤਰ੍ਹਾਂ ਰੇਤ ਦੀ ਕੰਧ ਜਲਦੀ ਡਿੱਗ ਜਾਂਦੀ ਹੈ ਤੇ ਥੋੜਾ ਸਮਾਂ ਹੀ ਟਿਕਦੀ ਹੈ। ਇਸ ਤਰ੍ਹਾਂ ਇਸ ਜਗਤ 'ਤੇ ਰਾਜ ਵੀ ਥੋੜ ਚਿਰਾ ਹੀ ਹੈ:

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥

ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥

(ਮ: ੯, ਰਾਗ ਜੈਜਾਵੰਤੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੩੫੨)

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥

(ਮ: ੯, ਰਾਗ ਤਿਲੰਗ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੭੨੭)


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦੁਨਿਆਵੀ ਸੰਬੰਧ, ਜਗਤ ਦਾ ਸਾਰਾ ਵਰਤਾਰਾ, ਜਗਤ ਦਾ ਵਿਉਪਾਰ, ਇਹ ਸਭ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਝੂਠਾ ਅਤੇ ਥੋੜੇ ਸਮੇਂ ਲਈ ਹੀ ਹੈ। ਸਾਰੇ ਰਿਸ਼ਤੇ ਨਾਤੇ ਵੀ ਸੀਮਤ ਸਮੇਂ ਲਈ ਹੀ ਹਨ ਅਤੇ ਇਹ ਮਨੁੱਖ ਦੇ ਜੀਵਨ ਕਾਲ ਤੱਕ ਹੀ ਹਨ। ਸਰੀਰ ਤਿਆਗਣ ਤੋਂ ਬਾਅਦ ਨਾ ਕੋਈ ਯਾਦ ਨਹੀਂ ਕਰਦਾ ਅਤੇ ਨਾ ਹੀ ਨਾਲ ਕੁਝ ਵੀ ਲੈ ਜਾਇਆ ਜਾ ਸਕਦਾ ਹੈ।

ਸਭ ਕਿਛੁ ਜੀਵਤ ਕੋ ਬਿਵਹਾਰ॥

ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ਰਹਾਉ॥

(ਮ: ੯, ਰਾਗ, ਦੇਵਗੰਧਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੫੩੬)

ਧਨੁ ਦਾਰਾ ਸੰਪਤਿ ਗ੍ਰੇਹ॥

ਕਛੁ ਸੰਗਿ ਨ ਚਾਲੈ ਸਮਝ ਲੇਹ॥

(ਮ: ੯, ਰਾਗ ਬਸੰਤੁ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੧੮੭)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਮਝਾਇਆ ਕਿ ਸੰਸਾਰਿਕ ਪ੍ਰੇਮ ਅਤੇ ਸੰਸਾਰਿਕ ਮਿੱਤਰਤਾ ਝੂਠੀ ਹੈ।

ਜਗਤ ਮਹਿ ਝੂਠੀ ਦੇਖੀ ਪ੍ਰੀਤ॥

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ਰਹਾਉ॥

(ਮ: ੯, ਰਾਗ, ਦੇਵਗੰਧਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੫੩੬)

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥

(ਮ: ੯, ਸਲੋਕ ਵਾਰਾਂ ਤੇ ਵਧੀਕ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੧੪੨੯)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਜਗਤ ਦੀ ਵਰਤਮਾਨ ਅਵਸਥਾ ਬੜੇ ਹੀ ਮਾਰਮਿਕ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਆਪ ਜੀ ਅਨੁਸਾਰ ਸਾਰਾ ਸੰਸਾਰ ਸੰਸਾਰਿਕ ਪਦਾਰਥਾਂ ਦੇ ਪਿਛੇ ਲੱਗ ਕੇ ਪ੍ਰਭੂ ਨੂੰ ਭੁੱਲ ਚੁੱਕਿਆ ਹੈ। ਧਨ ਅਤੇ ਜੋਬਨ ਵਿੱਚ ਉਲਝ ਗਿਆ ਹੈ। ਮੋਹ ਮਾਇਆ ਵਿੱਚ ਗ੍ਰਸਤ ਮਨੁੱਖ ਪ੍ਰਭੂ ਨੂੰ ਨਹੀਂ ਪਾ ਸਕਦਾ। ਪ੍ਰਭੂ ਨੂੰ ਭਗਤੀ ਵਿੱਚ ਲੀਨ ਹੋ ਤੋਂ ਬਾਅਦ ਹੀ ਪਾਇਆ ਜਾ ਸਕਦਾ ਹੈ। ਮਨੁੱਖ ਦੁਨਿਆਵੀ ਸੰਬੰਧਾਂ ਵਿੱਚ ਖੋ ਕੇ ਆਪਣਾ ਅਸਲੀ ਮਕਸਦ ਭੁੱਲ ਬੈਠਾ ਹੈ। ਆਪ ਜੀ ਅਨੁਸਾਰ ਮਨੁੱਖ ਨੂੰ ਇਹ ਵੱਡਾ ਭਰਮ ਹੈ ਕਿ ਸਭ ਕੁਝ ਉਸਦਾ ਹੀ ਹੈ। ਮਨੁੱਖ ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ ਦੁਨੀਆਵੀ ਪਦਾਰਥ ਇਕੱਠੀ ਕਰ ਰਿਹਾ ਹੈ ਤੇ ਇਹ ਭੁੱਲ ਗਿਆ ਹੈ ਕਿ ਨਾਲ ਕੁਝ ਵੀ ਨਹੀਂ ਜਾਣਾ। ਸਾਰਾ ਕੁਝ ਇਥੇ ਹੀ ਛੱਡ ਕੇ ਜਾਣ ਪੈਣਾ ਹੈ। ਇਹ ਦੁਨੀਆਂ ਬੜੀ ਹੀ ਖ਼ੁਦਗਰਜ਼ ਹੈ ਤੇ ਮਨੁੱਖ ਦੀ ਮੌਤ ਦੇ ਕੁਝ ਸਮੇਂ ਬਾਅਦ ਹੀ ਉਸਦਾ ਅੰਤਿਮ ਸੰਸਕਾਰ ਕਰਕੇ ਪਦਾਰਥ ਦੀ ਵੰਡਾਈ ਕਰ ਲੈਂਦੀ ਹੈ।

ਸਾਧੋ ਇਹੁ ਜਗੁ ਭਰਮ ਭੁਲਾਨਾ॥

ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥

(ਮ: ੯, ਰਾਗ ਧਨਾਸਰੀ, ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ ੬੮੪)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਬ੍ਰਹਮ ਦੇ ਸਤ ਸਰੂਪ ਨੂੰ ਬਹੁਤ ਹੀ ਗਹਿਰੇ ਤਰੀਕੇ ਨਾਲ ਦਰਸਾਇਆ ਗਿਆ ਹੈ। ਗੁਰੂ ਜੀ ਬ੍ਰਹਮ ਨੂੰ ਸਿਰਫ ਇਕ ਨਿਰੰਕਾਰ ਊਰਜਾ ਹੀ ਨਹੀਂ, ਸਗੋਂ ਉਹ ਕਲਿਆਣਕਾਰੀ, ਦੁਖ-ਨਾਸਕ ਅਤੇ ਆਨੰਦ ਦਾ ਸਰੂਪ ਮੰਨਦੇ ਹਨ। ਉਹ ਕਹਿੰਦੇ ਹਨ ਕਿ ਬ੍ਰਹਮ ਜੀਵਾਂ ਦਾ ਸਾਥੀ ਹੈ, ਪਤਿਤਾਂ ਨੂੰ ਪਵਿੱਤਰ ਬਣਾਉਂਦਾ ਹੈ ਅਤੇ ਸਭ ਨੂੰ ਮੁਕਤੀ ਦੀ ਦਿਸ਼ਾ ਦਿੰਦਾ ਹੈ। ਆਪ ਜੀ ਦਾ ਮੰਨਣਾ ਹੈ ਕਿ ਇਸ ਸੰਸਾਰ ਦੀ ਉਤਪਤੀ ਬ੍ਰਹਮ ਦੀ ਇੱਛਾ ਅਤੇ ਉਸ ਦੀ ਰਚਨਾ ਹੈ। ਇਸ ਦਾ ਮਤਲਬ ਹੈ ਕਿ ਇਹ ਜਗਤ ਅਤੇ ਇਸਦੀ ਹਰ ਚੀਜ਼ ਪ੍ਰਭੂ ਦੇ ਨਿਯਮ ਅਤੇ ਮਾਇਆ ਦੇ ਤਹਤ ਚੱਲ ਰਹੀ ਹੈ। ਜਗਤ ਦੀ ਸਿਰਜਨਾ ਪਹਿਲਾਂ ਬ੍ਰਹਮ ਵਿੱਚ ਸੀ ਅਤੇ ਬ੍ਰਹਮ ਨੇ ਇਸ ਸੰਸਾਰ ਨੂੰ ਆਪਣੇ ਆਪ ਨਾਲ ਭਰਿਆ ਹੈ। ਇਸ ਦੇ ਨਾਲ ਹੀ ਆਪ ਜੀ ਨੇ ਬਾਣੀ ਵਿੱਚ ਸੰਸਾਰ ਨੂੰ ਇਕ ਅਸਥਿਰਤਾ ਦੀ ਹਕੀਕਤ ਨੂੰ ਦਰਸਾਇਆ ਹੈ। ਆਪ ਜੀ ਇਸ ਸੰਸਾਰ ਨੂੰ ਸੁਪਨੇ ਜਾਂ ਜਲ ਦੇ ਬੁਦਬੁਦੇ ਵਾਂਗ ਮੰਨਦੇ ਹਨ ਜਿਹੜਾ ਤੁਰੰਤ ਹੀ ਖਤਮ ਹੋ ਜਾਂਦਾ ਹੈ। ਇਸ ਇਹ ਸੰਸਾਰ ਅਸਲ ਵਿੱਚ ਅਸਥਿਰ ਅਤੇ ਅਲਪਕਾਲਿਕ ਹੈ ਅਤੇ ਇਸ ਦੇ ਰਿਸ਼ਤੇ ਜਾਂ ਸੁੱਖ-ਦੁੱਖ ਵੀ ਸਿਰਫ਼ ਇੱਕ ਮਾਇਆ ਹਨ। ਮਨੁੱਖ ਜਦ ਤਕ ਸੰਸਾਰਿਕ ਮਾਇਆ ਅਤੇ ਰਿਸ਼ਤਿਆਂ ਵਿੱਚ ਫਸਿਆ ਰਹੇਗਾ, ਉਸ ਦਾ ਮਨ ਪ੍ਰਭੂ ਦੀ ਯਾਦ ਤੋਂ ਦੂਰ ਰਹੇਗਾ। ਇਸ


© Copyright @ Authors

ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਪ੍ਰਭੂ ਦੀ ਯਾਦ ਵਿੱਚ ਰਮਣ ਅਤੇ ਉਸ ਦੀ ਅਰਦਾਸ ਕਰਨ ਦੀ ਪ੍ਰੇਰਣਾ ਦਿੰਦੇ ਹਨ, ਜਿਸ ਨਾਲ ਉਹ ਇਸ ਸੰਸਾਰ ਦੇ ਦੁੱਖਾਂ ਅਤੇ ਤਾਪਾਂ ਤੋਂ ਉੱਪਰ ਉੱਠ ਸਕਦਾ ਹੈ ਅਤੇ ਅਸਲ ਆਤਮਿਕ ਸੁਖ ਦੀ ਪ੍ਰਾਪਤੀ ਕਰ ਸਕਦਾ ਹੈ।

ਇਸ ਤਰ੍ਹਾਂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਮਨੁੱਖ ਨੂੰ ਆਪਣੇ ਆਤਮਿਕ ਜੀਵਨ ਦੇ ਉਦੇਸ਼ ਨੂੰ ਸਮਝਣ ਅਤੇ ਉਸ ਦੀ ਪ੍ਰਾਪਤੀ ਲਈ, ਇਸ ਸੰਸਾਰਿਕ ਜਲ ਤਾਮਾਸ਼ੇ ਤੋਂ ਉੱਪਰ ਉਠ ਕੇ, ਪ੍ਰਭੂ ਨਾਲ ਸੰਬੰਧ ਬਨਾਉਣ ਦੀ ਜ਼ਰੂਰਤ ਹੈ।

**ਹਵਾਲੇ**

1. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ 52.
2. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 136.
3. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 305.


© Copyright @ Authors